# ਪੰਜਾਬੀ ਯੂਨੀਵਰਸਿਟੀ,ਪਟਿਆਲਾ

(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)

**(ਕੰਡਕਟ ਬਰਾਂਚ)**

ਨੰਬਰ.2906-3205
ਮਿਤੀ.20-11-2017

1 ਪ੍ਰੀਖਿਆ ਕੋਆਡੀਨੇਟਰ
2 ਪ੍ਰੀਖਿਆ ਕੇਂਦਰ ਨਿਗਰਾਨ

**ਵਿਸ਼ਾ:-** **ਦਸੰਬਰ 2017 ਦੀਆਂ ਪ੍ਰੀਖਿਆਵਾਂ ਸਮਾਪਤ ਹੁੰਦੇ ਸਾਰ ਹੀ ਤੁਰੰਤ ਹਾਜਰੀ ਸ਼ੀਟਾਂ ਯੂਨੀਵਰਸਿਟੀ ਪੁੱਜਦੀਆਂ ਕਰਨ ਬਾਰੇ।**

ਸ੍ਰੀਮਾਨ/ਸ੍ਰੀਮਤੀ ਜੀ,

ਆਮ ਵੇਖਣ ਵਿਚ ਆਇਆ ਹੈ ਕਿ ਕਾਲਜ ਦੇ ਰੈਗੂਲਰ/ਪ੍ਰਾਈਵੇਟ ਵਿਦਿਆਰਥੀ ਜਿਹੜੇ ਆਪ ਜੀ ਦੇ ਕਾਲਜ ਵਿਖੇ ਸਥਾਪਤ ਪ੍ਰੀਖਿਆ ਕੇਂਦਰ ਵਿਚ ਅਪੀਅਰ ਹੁੰਦੇ ਹਨ। ਉਨ੍ਹਾਂ ਦੀਆਂ ਹਾਜਰੀ ਸ਼ੀਟਾਂ ਨੂੰ ਤਰਤੀਬ ਵਿਚ ਨਹੀਂ ਰੱਖਿਆ ਜਾਂਦਾ ਅਤੇ ਨਾ ਹੀ ਕਲਾਸ ਵਾਈਜ਼ ਰੱਖਿਆ ਜਾਂਦਾ ਹੈ। ਸਗੋਂ ਹੋਰ-ਹੋਰ ਕਲਾਸਾਂ ਵਿਚ ਮਿਕਸ ਕਰ ਦਿੱਤਾ ਜਾਂਦਾ ਹੈ। ਅਜਿਹਾ ਕਰਨ ਨਾਲ ਵਿਦਿਆਰਥੀਆਂ ਦੇ ਨਤੀਜੇ ਘੋਸ਼ਿਤ ਕਰਨ ਸਮੇਂ ਦਿੱਕਤ ਆਉਂਦੀ ਹੈ। ਕਿਉਂਕਿ ਇਸ ਤਰਾਂ ਹਾਜ਼ਰੀ ਸ਼ੀਟਾਂ ਪ੍ਰੀਖਿਆ ਸ਼ਾਖਾ ਦੇ ਕਿਸੇ ਹੋਰ ਸੈਂਟਾਂ ਤੇ ਚਲੀਆਂ ਜਾਂਦੀਆਂ ਹਨ। ਜਿਹੜੀਆਂ ਮੁੜਕੇ ਲੱਭਦੀਆਂ ਹੀ ਨਹੀਂ। ਬਹੁਤ ਸਾਰੇ ਵਿਦਿਆਰਥੀਆਂ ਦਾ ਨਤੀਜਾ ਹਾਜ਼ਰੀ ਸ਼ੀਟਾਂ ਤੋਂ ਬਿਨ੍ਹਾਂ ਰੋਕਿਆ ਜਾਂਦਾ ਹੈ। ਉਹ ਆਰ.ਟੀ.ਆਈ ਰਾਹੀਂ ਮੰਗ ਕਰਦੇ ਹਨ ਜਾਂ ਕੋਰਟ ਕੇਸ ਕਰਦੇ ਹਨ। ਇਹ ਦਫਤਰ ਲਈ ਵਾਧੂ ਦੀ ਮੁਸੀਬਤ ਖੜੀ ਹੋ ਜਾਂਦੀ ਹੈ। ਇਸ ਕਰਕੇ ਆਪ ਨੂੰ ਇਸ ਪੱਤਰ ਦੁਆਰਾ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰੀਖਿਆਵਾਂ ਕੰਡਕਟ ਕਰਵਾਉਣ ਸਮੇਂ ਪ੍ਰੀਖਿਆ ਕੇਂਦਰ ਦੇ ਸੀਟਿੰਗ ਪਲਾਨ ਸਹੀ ਢੰਗ ਨਾਲ ਬਣਾਏ ਜਾਣ। ਹਰ ਇਕ ਕਲਾਸ ਦਾ ਸੀਟਿੰਗ ਪਲਾਨ ਕਮਰਿਆਂ ਵਾਈਜ਼ ਹੀ ਬਣਾਇਆ ਜਾਵੇ ਅਤੇ ਉਨ੍ਹਾਂ ਦੇ ਹਾਜ਼ਰੀ ਸ਼ੀਟਾਂ ਦੇ ਬੰਡਲ ਵਖਰੇ-ਵਖਰੇ ਕਲਾਸ ਵਾਈਜ਼ ਹੀ ਬੰਨ੍ਹੇ ਜਾਣ।

ਜੇਕਰ ਕਿਸੇ ਵਿਦਿਆਰਥੀ ਦੀ ਹਾਜਰੀ ਸੀਟ ਮਿਸ ਹੋਣ ਕਰਕੇ ਨਤੀਜਾ ਘੋਸ਼ਿਤ ਕਰਨ ਵਿਚ ਦੇਰੀ ਹੁੰਦੀ ਹੈ ਜਾਂ ਕੋਈ ਆਰ.ਟੀ.ਆਈ/ਕੋਰਟ ਕੇਸ ਹੁੰਦਾ ਹੈ ਉਸ ਦੀ ਸਾਰੀ ਜਿੰਮੇਵਾਰੀ ਪ੍ਰੀਖਿਆ ਕੋਆਰਡੀਨੇਟਰ ਅਤੇ ਪ੍ਰੀਖਿਆ ਕੇਂਦਰ ਨਿਗਰਾਨ ਦੀ ਹੋਵੇਗੀ। ਕਿਉਂਕਿ ਪ੍ਰੀਖਿਆਵਾਂ ਵਿਚ ਅਪੀਅਰ ਹੋਣ ਵਾਲੇ ਵਿਦਿਆਰਥੀਆਂ ਦੀਆਂ ਹਾਜ਼ਰੀ ਸ਼ੀਟਾਂ ਨੂੰ ਅਣਗੌਲਿਆਂ ਢੰਗ/ਤਰੀਕੇ ਨਾਲ ਰੱਖਿਆ ਜਾਂਦਾ ਹੈ। ਫਿਰ ਉਨ੍ਹਾਂ ਹਾਜਰੀ ਸ਼ੀਟਾਂ ਨੂੰ ਯੂਨੀਵਰਸਿਟੀ ਵੀ ਪੂਰੀ ਗਿਣਤੀ ਵਿਚ ਵਾਪਸ ਨਹੀਂ ਭੇਜਿਆ ਜਾਂਦਾ। ਅਜਿਹਾ ਕਰਨ ਕਰਕੇ ਬਹੁਤ ਸਾਰੇ ਕੋਰਟ ਕੇਸ ਜਾਂ ਆਰ.ਟੀ.ਆਈ ਦੇ ਕੇਸ ਆਉਂਦੇ ਹਨ। ਦਫਤਰ ਦਾ ਸਮਾਂ ਬਰਬਾਦ ਹੁੰਦਾ ਹੈ। ਨਤੀਜਿਆ ਦਾ ਕੰਮ ਰੁੱਕ ਜਾਂਦਾ ਹੈ। ਇਸ ਕਰਕੇ ਹਾਜ਼ਰੀ ਸ਼ੀਟਾਂ ਨੂੰ ਜਿਆਦਾ ਧਿਆਨ ਨਾਲ ਯੂਨੀਵਰਸਿਟੀ ਪੁੱਜਦਾ ਕੀਤਾ ਜਾਵੇ।

20-11-17

ਕੰਟਰੋਲਰ (ਪ੍ਰੀਖਿਆਵਾਂ)